*Waheguru Ji Ka Khalsa,*
*Waheguru Ji Ki Fateh*

*Today's Hukamnama*

*Tuesday 03-11-2026*

ਸੋਰਠਿ ਮਹਲਾ ੪ ॥

Sorat'h, Fourth Mehl:

ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ ॥

God Himself is the balance scale, He Himself is the weigher, and He Himself weighs with the weights.

ਸੁਆਮੀ ਆਪ ਤੱਕੜੀ ਹੈ, ਆਪ ਹੀ ਤੋਲਾ ਅਤੇ ਆਪ ਹੀ ਵੱਟਿਆਂ ਨਾਲ ਤੋਲਦਾ ਹੈ।

ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ ॥

He Himself is the banker, He Himself is the trader, and He Himself makes the trades.

ਉਹ ਆਪ ਸ਼ਾਹੂਕਾਰ ਅਤੇ ਆਪ ਹੀ ਨਿੱਕਾ ਵਪਾਰੀ ਹੈ, ਅਤੇ ਆਪ ਹੀ ਸੌਦਾ ਕਰਦਾ ਹੈ।

ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ ॥੧॥

The Beloved Himself fashioned the world, and He Himself counter-balances it with a gram. ||1||

ਪਿਆਰੇ ਪ੍ਰਭੂ ਨੇ ਖੁਦ ਹੀ ਜਮੀਨ ਰਚੀ ਹੈ ਅਤੇ ਇਕ ਚਾਰ ਪਾਸੇ ਦੇ ਵੱਟੇ ਨਾਲ ਇਸ ਦਾ ਧੜਾ ਕੀਤਾ ਹੈ।

ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥

My mind meditates on the Lord, Har, Har, and finds peace.

ਸੁਆਮੀ ਮਾਲਕ ਦਾ ਸਿਮਰਨ ਕਰਨ ਦੁਆਰਾ ਮੇਰੀ ਆਤਮਾ ਨੇ ਅਨੰਦ ਪ੍ਰਾਪਤ ਕੀਤਾ ਹੈ।

ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥

The Name of the Beloved Lord, Har, Har, is a treasure; the Perfect Guru has made it seem sweet to me.

||Pause||

ਪ੍ਰੀਤਮ ਸੁਆਮੀ ਵਾਹਿਗੁਰੂ ਦਾ ਇਕ ਨਾਮ ਖਜਾਨਾ ਹੈ। ਪੂਰਨ ਗੁਰਾਂ ਨੇ ਮੈਨੂੰ ਇਹ ਮਿੱਠੜਾ ਲਾ ਦਿੱਤਾ ਹੈ। ਠਹਿਰਾਉ।

ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥

The Beloved Himself is the earth, and He Himself is the water; He Himself acts, and causes others to act.

ਪ੍ਰੀਤਮ ਪ੍ਰਭੂ ਆਪ ਜਮੀਨ ਤੇ ਆਪੇ ਹੀ ਪਾਣੀ ਹੈ ਅਤੇ ਆਪ ਹੀ ਕਰਦਾ ਤੇ ਹੋਰਨਾਂ ਤੋਂ ਕਰਾਉਂਦਾ ਹੈ।

ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥

The Beloved Himself issues His Commands, and keeps the water and the land bound down.

ਮੇਰਾ ਪ੍ਰੀਤਮ ਪ੍ਰਭੂ ਖੁਦ ਹੀ ਫੁਰਮਾਨ ਜਾਰੀ ਕਰਦਾ ਹੈ ਅਤੇ ਪਾਣੀ ਤੇ ਧਰਤੀ ਨੂੰ ਨਰੜ ਕੇ ਰੱਖਦਾ ਹੈ।

ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥੨॥

The Beloved Himself instills the Fear of God; He binds the tiger and the goat together. ||2||

ਮੇਰਾ ਪ੍ਰੀਤਮ ਪ੍ਰਭੂ ਖੁਦ ਹੀ ਡਰ ਪਾਉਂਦਾ ਹੈ ਅਤੇ ਬੱਕਰੀ ਤੇ ਸ਼ੇਰ ਨੂੰ ਇਕੱਠੇ ਨਰੜ ਕੇ ਚਲਾਉਂਦਾ ਹੈ।

ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥

The Beloved Lord Himself is the firewood, and He Himself keeps the fire within the wood.

ਪ੍ਰੀਤਮ ਪ੍ਰਭੂ ਖੁਦ ਹੀ ਲੱਕੜ ਹੈ ਅਤੇ ਖੁਦ ਹੀ ਅੱਗੇ ਲੱਕੜ ਅੰਦਰ ਉਸ ਨੇ ਅੱਗ ਬੰਨ੍ਹੀ ਹੋਈ ਹੈ।

ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥

The Beloved Lord Himself, all by Himself, permeates them, and because of the Fear of God, the fire cannot burn the wood.

ਪਿਆਰਾ ਪ੍ਰਭੂ ਖੁਦ-ਬ-ਖੁਦ ਹੀ ਦੋਨਾਂ ਵਿੱਚ ਵਿਆਪਕ ਹੋ ਰਿਹਾ ਹੈ। ਉਸ ਦੇ ਡਰ ਕਰ ਕੇ ਅੱਗ ਲੱਕੜ ਨੂੰ ਸਾੜ ਨਹੀਂ ਸਕਦੀ।

ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ ॥੩॥

The Beloved Himself kills and revives; all draw the breath of life, given by Him. ||3||

ਖੁਦ ਹੀ ਮਿੱਠੜਾ ਮਾਲਕ ਮਾਰਦਾ ਅਤੇ ਖੁਦ ਹੀ ਸੁਰਜੀਤ ਕਰਦਾ ਹੈ। ਸਾਰੇ ਹੀ ਉਸ ਦਾ ਦਿੱਤਾ ਹੋਇਆ ਸੁਆਸ ਲੈਂਦੇ ਹਨ।

ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ॥

The Beloved Himself is power and presence; He Himself engages us in our work.

ਸਾਰੀ ਸ਼ਕਤੀ ਦੇ ਸਦੀਵੀ ਸਥਿਰ ਦਰਬਾਰ, ਪ੍ਰਭੂ ਆਪ ਹੈ, ਤੇ ਆਪ ਹੀ ਉਹ ਬੰਦਿਆਂ ਨੂੰ ਕੰਮ ਲਾਉਂਦਾ ਹੈ।